# ਪਿਤਰਕੀ ਸਾਜਿਸ਼ ਦਾ ਬਿਰਤਾਂਤ: ਉਹ ਤਾਂ ਪਰੀ ਸੀ

ਡਾ. ਪ੍ਰੈਟੀ ਸੋਢੀ*

ਬੀਤੀ ਸਦੀ ਵਿਚ ਨਾਰੀ ਦਮਨ ਇਕ ਸੋਸ਼ਣ ਅਤੇ ਵਿਸ਼ਵ ਵਿਆਪੀ ਵਰਤਾਰਾ ਹੋਣ ਕਾਰਨ ਨਾਰੀਵਾਦ ਦਾ ਪ੍ਰਭਾਵ ਖੇਤਰ ਕਾਫ਼ੀ ਵਿਆਪਕ ਅਤੇ ਤੀਬਰ ਰਿਹਾ ਹੈ। ਆਪਣੇ ਸਮਾਜਿਕ, ਇਤਿਹਾਸਿਕ ਅਤੇ ਸਿਧਾਂਤਕ ਪਰਿਪੇਖਾਂ ਸਮੇਤ ਭਾਵੇਂ ਇਹ ਚਿੰਤਨ ਅਤੇ ਚੇਤਨਾ ਪੱਛਮ ਵਿਚ ਉਭਰੀ ਪਰ ਇਸਦੇ ਸਰੋਕਾਰਾਂ ਅਤੇ ਸੋਝੀਆਂ ਨੇ ਸਾਰੇ ਸਮਾਜਾਂ ਅਤੇ ਸਭਿਆਚਾਰਾਂ ਨੂੰ ਆਪਣੇ ਕਲੇਵਰ ਵਿਚ ਲਿਆ। ਨਾਰੀਵਾਦੀ ਸਾਹਿਤ ਚਿੰਤਨ ਨਾਮਕਰਨ ਦੇ ਪੱਖ ਤੋਂ ਜੈਂਡਰ ਅਧਾਰਿਤ ਚਿੰਤਨ ਹੋਣ ਦਾ ਸੰਕੇਤ ਦਿੰਦਾ ਹੈ।[੧] ਇਹ ਮਰਦ ਹੋਣ ਦੀਆਂ ਸਾਰੀਆਂ ਵਿਲੱਖਣਤਾਵਾਂ ਨੂੰ ਰੱਦ ਕਰਦਾ ਦ੍ਰਿਸ਼ਟੀਗੋਚਰ ਹੁੰਦਾ ਹੈ ਪ੍ਰੰਤੂ ਇਸਤੋਂ ਵੀ ਅੱਗੇ ਦਿਲਚਸਪ ਨੁਕਤਾ ਇਹ ਹੈ ਕਿ ਇਹ ਔਰਤ ਹੋਣ ਦੀਆਂ ਵੀ ਸਾਰੀਆਂ ਪਰੰਪਰਕ ਵਿਲੱਖਣਤਾਵਾਂ ਨੂੰ ਨਕਾਰ ਦਿੰਦਾ ਹੈ। ਇਸਦੇ ਸਿਧਾਂਤਕ ਚੌਖਟੇ ਮੁਤਾਬਿਕ ਇਕ ਔਰਤ ਨੂੰ ਉਸਦੀਆਂ ਵਿਲੱਖਣਤਾਵਾਂ, ਉਸਦੀ ਸਥਿਤੀ ਵਿਚ ਕੈਦ ਕਰ ਦਿੰਦੀਆਂ ਹਨ ਅਤੇ ਉਸਦੀ ਆਪਣੀ ਪ੍ਰਕਿਰਤੀ ਦੀ ਸੀਮਾ ਨੂੰ ਅਤਿਵਾਦੀ ਢੰਗ ਨਾਲ ਸੀਮਾਬੱਧ ਕਰ ਦਿੰਦੀਆਂ ਹਨ। ਆਮ ਧਾਰਨਾ ਇਹ ਹੈ ਕਿ ਔਰਤ ਆਪਣੇ ਸਰੀਰ ਦੀਆਂ ਵੱਖ-ਵੱਖ ਗ੍ਰੰਥੀਆਂ ਦੇ ਸਹਿਯੋਗ ਨਾਲ ਸੋਚਦੀ ਹੈ, ਪ੍ਰੰਤੂ ਮਰਦ ਇਸ ਗੱਲ ਨੂੰ ਬਿਲਕੁਲ ਭੁੱਲ ਜਾਂਦਾ ਹੈ ਕਿ ਉਸਦੀ ਆਪਣੀ ਸਰੀਰਕ ਰਚਨਾ ਵਿਚ ਵੀ ਗ੍ਰੰਥੀਆਂ ਹਨ। ਉਹ ਆਪਣੇ ਸਰੀਰ ਨੂੰ ਜਗਤ ਨਾਲ ਸਿੱਧੇ ਤੌਰ ਤੇ ਸਬੰਧਤ ਕਰਦਾ ਹੈ ਅਤੇ ਇਹ ਵਿਸ਼ਵਾਸ਼ ਕਰਦਾ ਹੈ ਕਿ ਉਹ ਜਗਤ ਨੂੰ ਵਸਤੂਪੂਰਕ ਰੂਪ ਨਾਲ ਸਮਝਦਾ ਹੈ, ਜਦੋਂ ਕਿ ਉਹ ਔਰਤ ਦੇ ਸਰੀਰ ਨੂੰ ਅਜੀਬੋ ਗਰੀਬ ਸੀਮਾਵਾਂ ਦੇ ਕਾਰਨ ਬੋਝਲ ਮਹਿਸੂਸ ਕਰਦਾ ਹੈ।[੨]

ਅਰਸਤੂ ਨੇ ਔਰਤ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਸੀ ਕਿ ਔਰਤ ਕੁਝ ਗੁਣਾਂ ਦੀਆਂ ਕਮੀਆਂ ਦੇ ਕਾਰਨ ਹੀ ਔਰਤ ਬਣਦੀ ਹੈ।[੩] ਉਸਦਾ ਇਹ ਵਿਚਾਰ ਪਰੰਪਰਕ ਹੋਣ ਦੇ ਬਾਵਜੂਦ ਵੀ ਆਧੁਨਿਕ ਨਾਰੀਵਾਦੀ ਚਿੰਤਨ ਦੀ ਹੋਂਦ ਤੇ ਉਤਪੰਨ ਹੋਣ ਵਿਚ ਪ੍ਰਤੀਕਿਰਿਆਵਾਦੀ ਭੂਮਿਕਾ ਅਦਾ ਕਰਦਾ ਹੈ। ਇਸ ਵਿਚਾਰ ਦੇ ਅਨੁਸਾਰ ਔਰਤ ਦੀ ਸਥਿਤੀ ਨਾ ਕੇਵਲ ਹਾਸ਼ੀਆਗ੍ਰਸਤ ਬਣਦੀ ਹੈ ਬਲਕਿ ਉਸਦੀ ਪਰਿਭਾਸ਼ਾ ਵੀ ਮਰਦ ਦੇ ਪ੍ਰਸੰਗ ਵਿਚ ਹੀ ਕੀਤੀ ਜਾਂਦੀ ਹੈ। ਲੈਵੀਸਤ੍ਰਾਸ ਆਪਣੇ ਮਹੱਤਵਪੂਰਨ ਅਭਿਆਨ ਵਿਚ ਪ੍ਰਚੀਨ ਸਮਾਜਾਂ ਦੇ ਕਈ ਪ੍ਰਕਾਰਾਂ ਦਾ ਵਰਣਨ ਕਰਦੇ ਹੋਏ ਇਹ ਸਿੱਟਾ ਕੱਢਦਾ ਹੈ ਕਿ ਪ੍ਰਕਿਰਤਕ ਹਾਲਤ ਨਾਲ ਸਭਿਆਚਾਰ ਦੀ ਰਾਹ ਇਹ ਦੱਸਦੀ ਹੈ ਕਿ ਇਸਦਾ ਨਿਰਮਾਣ ਆਦਮੀ ਦੀ ਖਮਤਾ ਨਾਲ ਹੋਇਆ ਹੈ। ਇਸ ਨਜ਼ਰੀਏ ਤੋਂ ਮਰਦ ਦੀ ਪ੍ਰਭੂਤਾ ਨੂੰ ਨਾ ਕੇਵਲ ਸਥਾਪਤੀ ਦਾ ਬਹਾਨਾ ਮਿਲਦਾ ਹੈ ਬਲਕਿ 'ਬਾਕੀਆਂ ਨੂੰ' ਗੌਣ ਰੂਪ ਵਿਚ ਪੇਸ਼ ਕਰਨ ਦਾ ਰਾਹ ਵੀ ਸੌਖਾ ਹੋ ਜਾਂਦਾ ਹੈ।[੪] ਸਵਾਲ ਇਹ ਪੈਦਾ ਹੁੰਦਾ ਹੈ ਕਿ ਉਹ ਕਿਹੜੇ ਕਾਰਨ ਹਨ ਜਿਨ੍ਹਾਂ ਕਰਕੇ ਔਰਤ ਮਰਦ ਦੀ ਪ੍ਰਭੂਤਾ ਦਾ ਵਿਰੋਧ ਨਹੀਂ ਕਰਦੀ। ਜੇਕਰ ਔਰਤ ਨੂੰ ਪਤੀ ਦੀ ਆਗਿਆਕਾਰੀ ਵੀ ਮੰਨ ਲਿਆ ਜਾਵੇ ਤਾਂ ਵੀ ਇਹ

---

* ਮੁਖੀ, ਪੋਸਟ ਗਰੈਜੂਏਟ ਪੰਜਾਬੀ ਵਿਭਾਗ, ਐਮ.ਜੀ.ਐਸ.ਐਮ. ਜਨਤਾ ਕਾਲਜ, ਕਰਤਾਰਪੁਰ।

ਸਵਾਲ ਬਰਕਰਾਰ ਰਹਿੰਦਾ ਹੈ ਕਿ ਅਜਿਹੀ ਆਗਿਆਕਾਰ ਹੋਣ ਦੀ ਭਾਵਨਾ ਉਸ ਵਿਚ ਕਦੋਂ ਪੈਦਾ ਹੋਈ? ਇਸ ਪ੍ਰਕਾਰ ਬਹੁ-ਗਿਣਤੀ ਘੱਟ-ਗਿਣਤੀ ਉਤੇ ਆਪਣਾ ਅਧਿਕਾਰ ਸਥਾਪਤ ਕਰਕੇ ਜ਼ੁਲਮ ਦੀ ਸ਼ੁਰੂਆਤ ਕਰਦੀ ਹੈ ਤਾਂ ਇਸ ਪ੍ਰਕ੍ਰਿਆ ਨੂੰ ਵੀ ਔਰਤ ਦੇ ਪ੍ਰਸੰਗ ਵਿਚ ਸਮਝਣਾ ਮੁਨਾਸਿਬ ਨਹੀਂ ਹੋਵੇਗਾ, ਕਿਉਂਕਿ ਔਰਤ ਬਿਲਕੁਲ ਵੀ ਘੱਟ ਗਿਣਤੀ ਵਿਚ ਸ਼ਾਮਲ ਨਹੀਂ ਹੁੰਦੀ। ਉਹ ਇਸ ਦੁਨੀਆ ਦੀ ਅਬਾਦੀ ਦਾ ੫੦% ਹਿੱਸਾ ਹੈ। ਜੇਕਰ ਔਰਤ ਦੀ ਉਪਰੋਕਤ ਸਥਿਤੀ ਦਾ ਕਾਰਨ ਪ੍ਰਕਿਰਤਿਕ ਵੀ ਮੰਨ ਲਿਆ ਜਾਵੇ ਤਾਂ ਵੀ ਇਹ ਤਬਦੀਲੀ ਦੀ ਸੰਭਾਵਨਾ ਤੋਂ ਪਰ੍ਹੇ ਹੋ ਜਾਂਦੀ ਹੈ। ਉਹ ਆਪਣੇ ਆਪ ਨੂੰ ਅਜਿਹੀ ਗ਼ੈਰ ਜ਼ਰੂਰੀ ਵਸਤੂ ਮੰਨਦੀ ਹੈ ਜੋ ਕਦੇ ਵੀ ਲਾਜ਼ਮੀ ਨਹੀਂ ਹੋ ਪਾਵੇਗੀ। ਹੈਰਾਨੀਜਨਕ ਨੁਕਤਾ ਇਹ ਹੈ ਕਿ ਇਸ ਦੁਨੀਆ ਵਿਚ ਨਸਲ, ਜਾਤ, ਰੰਗ, ਧਰਮ, ਖਿੱਤੇ ਅਤੇ ਭਾਸ਼ਾਵਾਂ ਦੇ ਆਧਾਰ ਤੇ ਤਾਂ ਸਮੂਹ ਬਣੇ ਹੋਏ ਹਨ ਅਤੇ ਇੱਥੋਂ ਤੱਕ ਕਿ ਇਨ੍ਹਾਂ ਸਾਰੇ ਵਰਗਾਂ ਦੇ ਆਧਾਰ ਉੱਤੇ ਕਈ ਨਵੇਂ ਰਾਸ਼ਟਰ ਵੀ ਹੋਂਦ ਵਿਚ ਆਏ ਹਨ ਪਰੰਤੂ ਅੱਜ ਤੱਕ ਇਕ ਵੀ ਦੇਸ਼ ਲਿੰਗ ਦੇ ਆਧਾਰ ਤੇ ਨਿਰਮਿਤ ਨਹੀਂ ਹੋ ਸਕਿਆ।[੫] ਕਿਹਾ ਜਾ ਸਕਦਾ ਹੈ ਕਿ ਬਾਕੀ ਸਮੂਹਾਂ ਵਾਂਗ ਔਰਤ ਦੀ ਇਕ ਸਮੂਹ ਵਜੋਂ ਪਰਿਕਲਪਨਾ ਕਰਨ ਤੋਂ ਪਹਿਲਾਂ ਇਕ ਵਾਰ ਦੁਬਾਰਾ ਸੋਚਣ ਦੀ ਲੋੜ ਹੈ। ਔਰਤ ਦਾ ਨਾ ਕੋਈ ਅਤੀਤ ਹੈ, ਨਾ ਕੋਈ ਇਤਿਹਾਸ, ਨਾ ਕੋਈ ਧਰਮ ਹੈ ਅਤੇ ਨਾ ਹੀ ਕੋਈ ਸੰਗਠਿਤ ਦੁਨੀਆ ਦੀ ਹੋਂਦ ਹੈ। ਔਰਤਾਂ ਦੇ ਵਿਚ ਸਮੂਹਿਕਤਾ ਦੀ ਭਾਵਨਾ ਦੀ ਕਮੀ ਦੇ ਕੁਝ ਕਾਰਨ ਹਨ। ਸਮੂਹ ਦੀ ਤੁਲਨਾ ਵਿਚ ਔਰਤ ਇਕੱਲੀ ਅਤੇ ਮਰਦਾਂ ਦੇ ਵਿਚਕਾਰ ਬਿਖਰੇ ਹੋਏ ਰੂਪ ਵਿਚ ਪਾਈ ਜਾਂਦੀ ਹੈ, ਦੁਨੀਆ ਵਿਚ ਇਕ ਸਮੂਹ ਆਪਣੇ ਵਿਰੋਧੀ ਸਮੂਹ ਨੂੰ ਪੂਰੀ ਤਰ੍ਹਾਂ ਖਤਮ ਕਰਨ ਬਾਰੇ ਸੋਚ ਸਕਦਾ ਹੈ। ਮਿਸਾਲ ਵਜੋਂ ਨੀਗਰੋ ਗੋਰਿਆਂ ਤੋਂ ਤੰਗ ਆ ਕੇ ਉਨ੍ਹਾਂ ਦੀ ਨਸਲ ਨੂੰ ਇਸ ਦੁਨੀਆ ਤੋਂ ਮਿਟਾਉਣ ਦੀ ਇੱਛਾ ਰੱਖ ਸਕਦੇ ਹਨ। ਔਰਤ ਦੀ ਸਮੱਸਿਆ ਇਹ ਹੈ ਕਿ ਉਹ ਮਰਦ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦੇਣ ਦੀ ਕਲਪਨਾ ਵੀ ਨਹੀਂ ਕਰ ਸਕਦੀ। ਇਸ ਕਰਕੇ ਇਹ ਕਿਹਾ ਜਾ ਸਕਦਾ ਹੈ ਕਿ ਔਰਤ ਮਰਦ ਵਿਚਲਾ ਅੰਤਰ ਵਾਸਤਵ ਵਿਚ ਇਕ ਜੈਵਿਕ ਤੱਥ ਹੈ, ਇਤਿਹਾਸ ਦੀ ਕੋਈ ਘਟਨਾ ਨਹੀਂ।[੬]

ਇਸਤੋਂ ਅੱਗੇ ਸਵਾਲ ਉਠਦਾ ਹੈ ਕਿ ਜੇਕਰ ਔਰਤ ਮਰਦ ਦਾ ਸਬੰਧ ਇਨਾ ਪਰਸਪਰ ਹੈ ਤਾਂ ਇਸ ਪ੍ਰਸੰਗ ਵਿਚ ਔਰਤ ਨੂੰ ਕੁਝ ਸੁਵਿਧਾਵਾਂ ਮਿਲਣੀਆਂ ਚਾਹੀਦੀਆਂ ਹਨ ਜਿਵੇਂ ਮਾਲਕ ਅਤੇ ਗ਼ੁਲਾਮ ਦੇ ਰਿਸ਼ਤੇ ਵਿਚ ਵੀ ਮਾਲਕ ਦੁਆਰਾ ਗ਼ੁਲਾਮ ਨੂੰ ਕੁਝ ਸੁਵਿਧਾਵਾਂ ਦੇਣੀਆਂ ਪੈਂਦੀਆਂ ਹਨ ਪ੍ਰਤੂੰ ਵਿਡੰਬਨਾਤਮਕ ਸਥਿਤੀ ਇਹ ਹੈ ਕਿ ਔਰਤ ਨੂੰ ਗ਼ੁਲਾਮ ਵਾਲੀਆਂ ਸੁਵਿਧਾਵਾਂ ਵੀ ਉਪਲਬਧ ਨਹੀਂ ਹਨ। ਉਹ ਹਮੇਸ਼ਾਂ ਮਰਦ ਉਤੇ ਹੀ ਨਿਰਭਰ ਰਹਿੰਦੀ ਹੈ। ਗੁਲਾਮ ਹੋਣ ਦੇ ਬਾਵਜੂਦ ਵੀ ਉਸਨੂੰ ਮਰਦ ਦੇ ਨਾਲ ਸਮੱਗਰ ਰੂਪ ਵਿਚ ਦੁਨੀਆ ਸਾਂਝੀ ਕਰਨ ਦਾ ਹੱਕ ਮਿਲ ਨਹੀਂ ਪਾਉਂਦਾ। ਇਹ ਵੀ ਸਮਝਿਆ ਜਾਂਦਾ ਸੀ ਕਿ ਆਰਥਿਕ ਸੁਤੰਤਰਤਾ ਔਰਤ ਨੂੰ ਉਸਦੇ ਬਣਦੇ ਹੱਕ ਦਿਵਾਉਣ ਵਿਚ ਸਫ਼ਲ ਹੋਵੇਗੀ ਪ੍ਰੰਤੂ ਅਜਿਹਾ ਉਸ ਰੂਪ ਵਿਚ ਨਹੀਂ ਵਾਪਰਿਆ ਜਿਸਦਾ ਅੰਦਾਜ਼ਾ ਲਗਾਇਆ ਗਿਆ ਸੀ। ਆਰਥਿਕ ਰੂਪ ਵਿਚ ਸੰਪੰਨ ਹੋਣ ਦੇ ਕਾਰਨ ਔਰਤ ਦੀ ਚੋਣ ਦਾ ਦਾਇਰਾ ਤਾਂ ਵਧਿਆ ਹੈ ਪ੍ਰਤੂੰ ਰਿਸ਼ਤੇ ਦੀ ਪ੍ਰਕਿਰਤੀ ਨਹੀਂ ਬਦਲੀ।[੭] ਅਮੀਰ ਔਰਤ ਮਰਦ ਨੂੰ ਇਕ ਵਸਤੂ ਵਾਂਗ ਤਾਂ ਵਰਤ ਸਕਦੀ ਹੈ ਪ੍ਰਤੂੰ ਔਰਤ ਮਰਦ ਦੇ ਬਰਾਬਰ ਰਿਸ਼ਤੇ ਵਿਚ ਉਸਦਾ ਸਥਾਨ ਦੂਜੈਲਾ ਹੀ ਰਹਿੰਦਾ ਹੈ ਕਿਉਂਕਿ ਜਦੋਂ ਦੂਸਰੀ ਧਿਰ ਵਸਤੂ ਤੋਂ ਮਰਦ ਦੇ ਰੂਪ ਵਿਚ ਆਪਣੀ ਭੂਮਿਕਾ ਬਦਲਦੀ ਹੈ ਤਾਂ ਫਿਰ ਪਹਿਲਾਂ ਵਾਲੀ ਸਮੱਸਿਆ ਸਾਹਮਣੇ ਆ ਖਲੋਂਦੀ

ਹੈ। ਇਸ ਕਰਕੇ ਔਰਤ ਦੀ ਆਰਥਿਕ ਆਤਮ ਨਿਰਭਰਤਾ ਦੀ ਭ੍ਰਾਂਤੀ ਦਾ ਵਿਭੰਜਨ ਹੋ ਚੁੱਕਾ ਹੈ। ਇਸ ਪ੍ਰਸੰਗ ਵਿਚ ਸਭ ਤੋਂ ਜਟਿਲ ਸਵਾਲ ਇਹ ਹੈ ਕਿ ਫਿਰ ਉਹ ਕਿਹੜੇ ਮੁੱਦੇ ਹਨ ਜੋ ਕਿ ਨਾਰੀਵਾਦੀ ਸ਼ਾਸ਼ਤਰ ਨੂੰ ਠੋਸ ਆਧਾਰ ਪ੍ਰਦਾਨ ਕਰਦੇ ਹਨ। ਨਾਰੀਵਾਦੀ ਚਿੰਤਨ ਦਾ ਵਿਕਾਸ ਇਸ ਧਾਰਨਾ ਨੂੰ ਪੇਸ਼ ਕਰਦਾ ਹੈ ਕਿ ਨਾਰੀ ਨੂੰ ਮਰਦ ਦੇ ਪ੍ਰਕਰਣ ਵਿਚ ਸਮਝਣ ਦੀ ਬਜਾਏ ਉਸਦੇ ਆਪਣੇ ਮੌਲਿਕ ਪਰਿਪੇਖ ਵਿਚ ਸਮਝਣਾ ਹੋਵੇਗਾ। ਇਸ ਵਾਸਤੇ ਮਰਦ ਪ੍ਰਧਾਨ ਸਮਾਜ ਦੀਆਂ ਸਮੁੱਚੀਆਂ ਧਾਰਨਾਵਾਂ ਨੂੰ ਰੱਦ ਕਰਕੇ ਨਾਰੀ ਕੇਂਦਰਿਤ ਧਾਰਨਾਵਾਂ ਦਾ ਨਿਰਮਾਣ ਕਰਨਾ ਪਵੇਗਾ। ਨਾਰੀਵਾਦੀ ਚਿੰਤਕ ਬੈਟੀ ਫ੍ਰੀਡਨ ਦੀ ਪੁਸਤਕ ਦਾ **ਫੈਮਿਨਿਨ ਮਿਸਟਿਕ** ਦੀ ਇਹ ਟਿੱਪਣੀ -

> "The highest value and only commitment for women in the fulfilment of their own feminity."

ਉਪਰਕਤ ਸੂਤਰ ਦੀ ਹੀ ਵਜ਼ਾਹਤ ਕਰਦੀ ਹੈ। ਔਰਤ ਮਰਦ ਦੇ ਸਮਾਨ ਦਰਜਾ ਹਾਸਲ ਕਰਨ ਦੀ ਧਾਰਨਾ ਕੁਝ ਇਕ ਸ਼ੰਕਿਆਂ ਨੂੰ ਜਨਮ ਦਿੰਦੀ ਹੈ। ਸਭ ਤੋਂ ਪਹਿਲਾਂ ਸ਼ੰਕਾ ਇਹ ਹੈ ਕਿ ਸਮਾਨ ਹੋਣ ਦੀ ਸਥਿਤੀ ਵਿਚ ਔਰਤ ਮਰਦ ਦੇ ਰਿਸ਼ਤੇ ਦਾ ਵੇਗ ਅਤੇ ਖ਼ੂਬਸੂਰਤੀ ਖ਼ਤਮ ਹੋ ਜਾਵੇਗੀ। ਪਹਿਲੀ ਨਜ਼ਰ ਤੋਂ ਉਪਰਕਤ ਪ੍ਰਸ਼ਨ ਚਿੰਨ੍ਹ ਮੁਨਾਸਿਬ ਜ਼ਰੂਰ ਜਾਪਦਾ ਹੈ ਪ੍ਰੰਤੂ ਦਰਅਸਲ ਅਜਿਹਾ ਨਹੀਂ ਹੈ। ਜਿਥੋਂ ਤੱਕ ਰਿਸ਼ਤੇ ਦੀ ਖ਼ੂਬਸੂਰਤੀ ਦਾ ਸਵਾਲ ਹੈ ਤਾਂ ਮਰਦ ਪ੍ਰਭੂਤਾ ਵਾਲੀ ਸੂਝ ਸੰਵੇਦਨਾ ਵਾਸਤਵ ਵਿਚ ਆਤਮ ਮੂਰਸ਼ਾ ਦੀ ਸਥਿਤੀ ਹੈ। ਇੱਥੇ ਇਹ ਸਮਝਣ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ ਕਿ ਔਰਤ ਮਰਦ ਵਿਚਲੇ ਸਬੰਧ ਰਿਸ਼ਤੇ ਦੀ ਪੂਰਵ ਨਿਸ਼ਚਿਤ ਪਰਿਭਾਸ਼ਾ ਦੇ ਮੁਥਾਜ ਨਹੀਂ ਹਨ। ਇਨ੍ਹਾਂ ਸਬੰਧਾਂ ਦਾ ਆਪਣਾ ਇਕ ਸੁਤੰਤਰ ਵਜੂਦ ਹੈ ਅਤੇ ਔਰਤ ਮਰਦ ਦੀ ਸਮਾਨਤਾ ਦੇ ਬਾਵਜੂਦ ਇਹ ਸੁਤੰਤਰ ਵਜੂਦ ਕਦੀ ਵੀ ਖ਼ਤਮ ਨਹੀਂ ਹੋ ਸਕਦਾ। ਦਰਅਸਲ ਸਮਾਨਤਾ ਦਾ ਇਹ ਅਰਥ ਬਿਲਕੁਲ ਨਹੀਂ ਹੈ ਕਿ ਇਸਤਰੀ ਪੁਰਸ਼ ਦੇ ਦਰਮਿਆਨ ਵਾਪਰਨ ਵਾਲੇ ਸਬੰਧਾਂ ਨੂੰ ਨਕਾਰਿਆ ਜਾਵੇ। ਸਵਾਲ ਤਾਂ ਔਰਤ ਦੀ ਆਪਣੀ ਮੌਲਿਕਤਾ ਨੂੰ ਜੀਣ ਦਾ ਹੈ। ਨਾਰੀਵਾਦ ਚਿੰਤਨ ਇਹ ਵੀ ਸਵੀਕਾਰ ਕਰਦਾ ਹੈ ਕਿ ਔਰਤ ਅਤੇ ਮਰਦ ਦੇ ਦਰਮਿਆਨ ਕੁਝ ਮੌਲਿਕ ਵਿਭਿੰਨਤਾਵਾਂ ਕਦੀ ਖਤਮ ਨਹੀਂ ਹੋ ਸਕਦੀਆਂ। ਇਸ ਕਰਕੇ ਔਰਤ ਨੂੰ ਮਰਦ ਵਾਲੀ ਅਜ਼ਾਦੀ ਦੇਣ ਦੀ ਬਜਾਏ ਉਸ ਦੇ ਨਾਰੀਤਵ ਨੂੰ ਗੌਰਵਮਈ ਰੂਪ ਵਿਚ ਅੰਕਿਤ ਕਰਨਾ ਹੀ ਵੱਡੀ ਪ੍ਰਾਪਤੀ ਹੋਵੇਗੀ।[੯] ਅਨੇਕਤਾ ਵਿਚ ਏਕਤਾ ਦਾ ਸਿਧਾਂਤ ਉਨਾ ਹੀ ਸਹੀ ਹੈ ਜਿੰਨਾ ਕਿ ਏਕਤਾ ਵਿਚ ਅਨੇਕਤਾ ਦਾ ਸਿਧਾਂਤ ਪ੍ਰਮਾਣਿਕ ਹੈ। ਵਿਕਸਿਤ ਅਵਸਥਾ ਵਿਚ ਨਾਰੀਵਾਦੀ ਚਿੰਤਨ ਏਕਤਾ ਵਿਚ ਅਨੇਕਤਾ ਦੇ ਸਿਥਾਂਤ ਦਾ ਹੀ ਅਨੁਸਰਣ ਕਰਦਾ ਹੈ।

ਸਾਹਿਤ ਨਾਰੀਵਾਦੀ ਚਿੰਤਨ ਦੇ ਵਿਕਾਸ ਦਾ ਅਹਿਮ ਮਾਧਿਅਮ ਰਿਹਾ ਹੈ। ਵਿਹਾਰਕ ਰੂਪ ਵਿਚ ਇਸ ਚਿੰਤਨ ਦੇ ਸੰਦਰਭ ਵਿਚ ਬਦਲਦੀਆਂ ਮਾਨਤਾਵਾਂ ਦੀ ਸ਼ੁਰੂਆਤ ਸਾਹਿਤਿਕ ਕਿਰਤਾਂ ਨੇ ਹੀ ਕੀਤੀ ਹੈ। ਔਰਤ ਦੇ ਸੁਹਜ ਸੁਆਦ ਅਤੇ ਸੰਵੇਦਨਾਵਾਂ ਵੱਖਰੀਆਂ ਹੋਣ ਕਾਰਨ ਮਰਦ ਮੁਖੀ ਸਾਹਿਤ ਦੇ ਪ੍ਰਤੀਕਰਮ ਵਜੋਂ ਨਾਰੀਵਾਦੀ ਸਾਹਿਤ ਅਸਤਿਤਵ ਵਿਚ ਆਉਂਦਾ ਹੈ। ਮੁਢਲੇ ਰੂਪ ਵਿਚ ਅਜਿਹਾ ਸਾਹਿਤ ਭਾਵੇਂ ਭਾਵੁਕਤਾ ਅਤੇ ਰੁਮਾਂਸ ਤੋਂ ਉੱਪਰ ਨਹੀਂ ਉੱਠਦਾ ਪ੍ਰੰਤੂ ਬਾਅਦ ਵਿਚ ਜਾ ਕੇ ਕਈ ਲੇਖਿਕਾਵਾਂ ਨੇ ਔਰਤ ਦੇ ਬਹੁਪਰਤੀ ਸਰੂਪ ਨੂੰ ਉਘਾੜਨ ਦੀ

ਕੋਸ਼ਿਸ਼ ਕੀਤੀ ਹੈ। ਪ੍ਰਚਲਿਤ ਧਾਰਨਾ ਮੁਤਾਬਿਕ ਇਹ ਸਮਝਿਆ ਜਾਂਦਾ ਹੈ ਕਿ ਔਰਤ ਹੀ ਔਰਤ ਨੂੰ ਸਮਝ ਸਕਦੀ ਹੈ। ਇਸ ਨਜ਼ਰੀਏ ਤੋਂ ਵੀ ਸਾਹਿਤ ਲੇਖਿਕਾਵਾਂ ਦੀ ਭੂਮਿਕਾ ਕਾਫੀ ਅਹਿਮ ਬਣ ਜਾਂਦੀ ਹੈ। ਇਨ੍ਹਾਂ ਲੇਖਿਕਾਵਾਂ ਨੇ ਨਾਰੀ ਦੇ ਮਾਨਸਿਕ ਜਗਤ ਦੇ ਉਸ ਮਰਮ ਨੂੰ ਪੇਸ਼ ਕੀਤਾ ਹੈ ਜੋ ਕਿ ਵਰਤਮਾਨ ਸਮੇਂ ਵਿਚ ਸਾਹਿਤ ਦੀ ਦੁਨੀਆਂ ਦੀਆਂ ਅੱਖਾਂ ਤੋਂ ਉਹਲੇ ਹੀ ਰਿਹਾ ਹੈ। ਇਸ ਨਵੇਂ ਜਗਤ ਦਾ ਆਭਾਸ ਕਰਵਾਉਣ ਵਿਚ ਪੰਜਾਬੀ ਗਲਪ ਜਗਤ ਦੀਆਂ ਲੇਖਿਕਾਵਾਂ ਦੇ ਵੀ ਨਾਵਾਂ ਦਾ ਸ਼ੁਮਾਰ ਹੁੰਦਾ ਹੈ। ਇਨ੍ਹਾਂ ਵਿਚੋਂ ਦਲੀਪ ਕੌਰ ਟਿਵਾਣਾ ਨੇ ਵਿਸ਼ੇਸ਼ ਸੰਦਰਭ ਵਿਚ ਨਾਰੀ ਦੀ ਉਪੇਖਿਆ ਨੂੰ ਅੰਕਿਤ ਕੀਤਾ ਹੈ।

**ਉਹ ਤਾਂ ਪਰੀ ਸੀ** ਦਲੀਪ ਕੌਰ ਟਿਵਾਣਾ ਦਾ ੨੮ਵਾਂ ਨਾਵਲ ਹੈ। ਇਹ ਨਾਵਲ ਦਾ ਨਾਮਕਰਣ ਨਾਰੀਵਾਦੀ ਪਰਿਪੇਖ ਵਿਚ ਡੂੰਘੇ ਅਰਥਾਂ ਦਾ ਧਾਰਨੀ ਹੈ। ਇਸ ਸਿਰਲੇਖ ਜੈਂਡਰ ਆਧਾਰਿਤ ਚਿੰਤਨ ਵੱਲ ਸੰਕੇਤ ਕਰਦਾ ਹੈ ਜੋ ਕਿ ਨਿਸ਼ਚਿਤ ਰੂਪ ਵਿਚ ਨਾਰੀ ਕੇਂਦਰਿਤ ਹੈ। ਦਰਸ਼ਨ, ਇਤਿਹਾਸ ਦੇ ਸਮਾਜ ਵਿਚ ਨਾਰੀ ਦੇ ਵੀ ਲੋਕੇਸ਼ਨ ਦੇ ਪ੍ਰਕਰਨ, ਪੋਜੀਸ਼ਨ ਅਤੇ ਰਾਜਨੀਤੀਆਂ ਇਸ ਚਿੰਤਨ ਦਾ ਕੇਂਦਰੀ ਮੁੱਦਾ ਹੈ। ਇਸ ਪ੍ਰਸੰਗ ਵਿਚ ਨਾਵਲ ਦੇ ਸਿਰਲੇਖ ਦਾ ਸੰਕਲਪ ਇਨਾ ਗ੍ਰਹਿਣਯੋਗ ਬਣ ਜਾਂਦਾ ਹੈ ਕਿ ਹਰ ਪਾਠਕ ਇਹ ਸਮਝਦਾ ਹੈ ਕਿ ਉਹ ਨਾਰੀਵਾਦੀ ਚਿੰਤਨ ਦੇ ਮੰਤਵਾਂ, ਮੁੱਦਿਆਂ ਤੇ ਉਦੇਸ਼ਾਂ ਤੋਂ ਭਲੀ ਭਾਂਤ ਵਾਕਫ ਹੀ ਨਹੀਂ ਸਗੋਂ ਬਾਹਰੋਂ ਬਾਹਰ ਇਸਦਾ ਸਮਰਥਕ ਵੀ ਹੈ। ਨਾਵਲ ਦੀ ਸ਼ੁਰੂਆਤ ਪਰੀ ਜਾਪਣ ਵਾਲੀ ਨਾਇਕਾ ਉਰਵਸ਼ੀ ਦੀ ਆਤਮਹੱਤਿਆ ਤੋਂ ਹੁੰਦੀ ਹੈ। ਨਾਵਲ ਦੇ ਇਸ ਮੁੱਖ ਪਾਤਰ ਦਾ ਅਰੰਭ ਵਿਚ ਹੀ ਖ਼ਤਮ ਹੋ ਜਾਣਾ ਉਸਦੀ ਹੋਂਦ ਦੀ ਔਕਾਤ ਨੂੰ ਵਿਡੰਬਣਾਤਮਕ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦਾ ਹੈ। ਪੁਰਸ਼ਾਂ ਦੁਆਰਾ ਆਪਣੇ ਲਈ ਰਾਖਵੇਂ ਕੀਤੇ ਸਮਾਜ ਵਿਚ ਔਰਤ ਹੋਣ ਦਾ ਸੁਰੱਖਿਆ ਰਹਿਣਾ ਨਾਵਲ ਦੇ ਮੁਤਾਬਿਕ ਨਾ-ਮੁਮਕਿਨ ਜਾਪਦਾ ਹੈ। ਉਰਵਸ਼ੀ ਦੇ ਦੁਖਾਂਤ ਦਾ ਮੂਲ ਇਹ ਹੈ ਕਿ ਉਸਦੀ ਆਪਣੀ ਕੋਈ ਹੋਂਦ ਨਹੀਂ। ਉਸਦਾ ਵਜੂਦ ਹਮੇਸ਼ਾਂ ਦੂਸਰਿਆਂ ਦੇ ਅਸਤਿਤਵ ਦੇ ਸੰਦਰਭ ਵਿਚ ਹੀ ਵਿਸਤਾਰ ਧਾਰਨ ਕਰਦਾ ਹੈ। ਨਾਵਲਕਾਰ ਨੇ ਸੁਚੇਤ ਪੱਧਰ ਉੱਤੇ ਪਰੀ ਲੱਗਣ ਵਾਲੀ ਮੁੱਖ ਪਾਤਰ ਦਾ ਨਾਮ ਉਰਵਸ਼ੀ ਰੱਖਿਆ ਹੈ। ਸਥਿਤੀ ਦਾ ਵਿਅੰਗ ਇਹ ਹੈ ਕਿ ਮਿਥਿਹਾਸ ਵਿਚ ਸਵਰਗਾਂ ਵਿਚ ਰਹਿਣ ਵਾਲੀ ਇਸਤਰੀ ਦਾ ਪਿਛੋਕੜ ਹਾਸਲ ਕਰਨ ਦੇ ਬਾਵਜੂਦ ਵੀ ਉਰਵਸ਼ੀ ਆਪਣੀ ਜੂਨ ਕੱਟਦੀ ਨਜ਼ਰ ਆਉਂਦੀ ਹੈ। ਨਾਵਲ ਵਿਚਲਾ ਹੇਠ ਲਿਖਿਆ ਵੇਰਵਾ ਉਰਵਸ਼ੀ ਦੀ ਹੋਂਦ ਤੇ ਨਿਰਭਰ ਹੋਣ ਸਬੰਧੀ ਅਹਿਮ ਸੁਰਾਗ ਦਿੰਦਾ ਹੈ:

> ਇਕ ਦਿਨ ਠੰਡ ਕਾਰਨ ਉਹ ਨਹਾਉਣ ਤੋਂ ਕਤਰਾ ਰਹੀ ਸੀ ਤਾਂ ਡਰਦੀ ਆਖਣ ਲੱਗੀ, "ਤੈਨੂੰ ਪਤੈ ਜਲ ਦੇਵਤਾ ਇਕ ਵਾਰੀ ਰੱਬ ਕੋਲ ਹੱਥ ਬੰਨ੍ਹ ਕੇ ਖੜ ਗਿਆ ਆਖੇ ਹੇ ਪ੍ਰਭੂ ਮੈਂ ਲੋਕਾਂ ਦੀ ਹਮੇਸ਼ਾਂ ਮੈਲ ਹੀ ਧੋਂਦਾ ਰਹਾਂਗਾ? ਤਾਂ ਰੱਬ ਨੇ ਉਸਨੂੰ ਆਖਿਆ ਹੇ! ਜਲ ਦੇਵਤਾ ਜਦੋਂ ਵੀ ਕੋਈ ਬੰਦਾ ਪਿੰਡੇ ਉਤੇ ਪਾਣੀ ਪਾਏਗਾ ਤਾਂ ਉਹ ਤੈਨੂੰ ਜ਼ਰੂਰ ਯਾਦ ਕਰੇਗਾ ਤੇ ਇਉਂ ਮੇਰਾ ਨਾਮ ਲਵੇਗਾ। ਉਸਦੇ ਇਸ ਪ੍ਰਭੂ ਸਿਮਰਨ ਦਾ ਅੱਧਾ ਫਲ ਜਲ ਦੇਵਤਾ ਤੈਨੂੰ ਮਿਲੇਗਾ। ਤੂੰ ਪ੍ਰਭੂ ਸਿਮਰਨ ਦਾ ਕਾਰਨ ਜੂ ਬਣੇਗਾ। ਦਾਦੀ ਦੀ ਇਹ ਗੱਲ ਸੁਣਨ ਤੋਂ ਮਗਰੋਂ ਨਹਾਉਣਾ ਉਰਵਸ਼ੀ ਲਈ ਨਿਰ੍ਹਾਂ ਪਿੰਡੇ ਪਾਣੀ ਪਾਉਣਾ ਨਹੀਂ ਸੀ ਰਹਿ ਗਿਆ।[੧੦]

ਉਪਰੋਕਤ ਵੇਰਵਾ ਸਿਮੋਨ ਦੀ ਬੋਇਆਂ ਦੀ ਪੁਸਤਕ **ਦਾ ਸੈਕੇਂਡ ਸੈਕਸ** ਵਿਚਲੀ ਉਕਤੀ, **'a women is not born one but rather becomes one'** ਪਮਾਣਿਤ ਕਰਦਾ ਹੈ।[੧੧] ਉਰਵਸ਼ੀ ਦੀ ਮਾਨਸਿਕਤਾ ਦਾ

ਨਿਰਮਾਣ ਇਕ ਦੂਸਰੀ ਔਰਤ ਜੋ ਕਿ ਰਿਸ਼ਤੇ ਵਿਚ ਉਸਦੀ ਦਾਦੀ ਹੈ ਵੱਲੋਂ ਅਧੀਨਗੀ ਨੂੰ ਕੇਂਦਰੀ ਧੁਰਾ ਬਣਾ ਕੇ ਕੀਤਾ ਜਾਂਦਾ ਹੈ। ਇਸ ਕੇਂਦਰੀ ਧੁਰੇ ਦਾ ਬੁਨਿਆਦੀ ਆਧਾਰ ਲਿੰਗ ਵਿਤਕਰਾ ਹੈ ਜਿਸਨੇ ਸਾਰੀਆਂ ਮਾਨਸਿਕ ਅਤੇ ਸਮਾਜਿਕ ਬੇਤਰਤੀਬੀਆਂ ਨੂੰ ਜਨਮ ਦਿੱਤਾ ਹੈ। ਤ੍ਰਾਸਦੀ ਦੀ ਸਿਖ਼ਰ ਇਹ ਹੈ ਕਿ ਉਰਵਸ਼ੀ ਦੇ ਪਰੀ ਦੇ ਸਮਾਨਾਰਥਕ ਦਰਜ਼ਾ ਗ੍ਰਹਿਣ ਕਰਨ ਦੇ ਬਾਵਜੂਦ ਵੀ ਸਮਾਜ ਦਾ ਉਸ ਪ੍ਰਤੀ ਅਧੀਨਗੀ ਵਾਲਾ ਵਿਵਹਾਰ ਮਨਫ਼ੀ ਨਹੀਂ ਹੁੰਦਾ ਅਰਥਾਤ ਉਸ ਵਿਚ ੋਟਹਰਣ ਦੀ ਥਾਂ ਸੁਬਜੲਚਟ ਬਣਦ ਦੀ ਸੰਭਾਵਨਾ ਉਜਾਗਰ ਨਹੀਂ ਹੁੰਦੀ।

**ਉਹ ਤਾਂ ਪਰੀ ਸੀ** ਨਾਵਲ ਵਿਚ ਉਰਵਸ਼ੀ ਨੂੰ ਲਿੰਗ ਦੇ ਨੁਕਤਾ-ਨਿਗਾਹ ਤੋਂ ਪ੍ਰਭਾਸ਼ਿਤ ਹੋਣ ਲਈ ਲਿੰਗ ਦੀ ਮੁਥਾਜੀ ਝੱਲਣੀ ਪੈਂਦੀ ਹੈ। ਆਪਣੀ ਦਾਦੀ ਦੀ ਮੌਤ ਉਪਰੰਤ ਉਸਦਾ ਸੰਬਾਦ ਰਚਾਉਣ ਦਾ ਇਕੋ ਇਕ ਮਾਧਿਅਮ ਵੀ ਖ਼ਤਮ ਹੋ ਜਾਂਦਾ ਹੈ। ਪ੍ਰਤੂੰ ਦਾਦੀ ਦਾ ਵਜੂਦ ਉਸਦੀ ਆਤਮਾ ਦੇ ਧੁਰ ਤੱਕ ਇਨਾ ਗਹਿਰਾ ਬੈਠਾ ਹੋਇਆ ਹੈ ਕਿ ਉਹ ਦਾਦੀ ਦੇ ਜਾਣ ਤੋਂ ਬਾਅਦ ਉਸਦੀ ਸਮੁੱਚੀ ਭੂਮਿਕਾ ਧਾਰਨ ਕਰਨ ਦੀ ਕੋਸ਼ਿਸ਼ ਕਰਦੀ ਹੈ। ਉਸਨੂੰ ਦਾਦੀ ਦੀ ਨੇਕ ਨਾਮੀ ਵਾਸਤੇ ਦਿੱਤੀ ਸਲਾਹ ਬਾਰ-ਬਾਰ ਚੇਤੇ ਆਉਂਦੀ ਹੈ। ਦਾਦੀ ਉਰਵਸ਼ੀ ਵਾਸਤੇ ਬ੍ਰਹਿਮੰਡੀ ਯਥਾਰਥ ਨੂੰ ਸਮਝਣ ਦਾ ਅਨੁਭਵੀ ਮਿਥਿਹਾਸਕ ਸ੍ਰੋਤ ਹੈ।[੧੨] ਉਸ ਦੁਆਰਾ ਪ੍ਰਸਤੁਤ ਕੀਤੀਆਂ ਪ੍ਰੰਪਰਕ ਧਾਰਨਾਵਾਂ ਉਰਵਸ਼ੀ ਨੂੰ ਪਿਤਰਕੀ ਦੇ ਰੂਪ ਵਿਚ ਨਾਰੀ ਦੇ ਦਮਨ ਅਤੇ ਸੋਸ਼ਣ ਲਈ ਕਾਰਜਸ਼ੀਲ ਸ਼ਕਤੀ ਸੰਰਚਨਾਵਾਂ ਨੂੰ ਸਮਝਣ ਲਈ ਠੋਸ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕਰਦੀਆਂ ਹਨ। ਦਾਦੀ ਦਾ ਸੂਝ ਸ਼ਾਸ਼ਤਰ ਵੀ ਅੱਗੇ ਜਾ ਕੇ ਉਰਵਸ਼ੀ ਦੀ ਆਤਮ-ਹੱਤਿਆ ਦੇ ਆਸਾਰ ਵੀ ਪੈਦਾ ਕਰਦਾ ਹੈ। ਇਸਦੀ ਤੁਲਨਾ ਵਿਚ ਉਰਵਸ਼ੀ ਦੀਆਂ ਬਾਕੀ ਦੋ ਭੈਣਾਂ ਰੇਖਾ ਅਤੇ ਮੋਹਣੀ ਉਰਵਸ਼ੀ ਦੀ ਦੁਖਾਂਤ ਤੋਂ ਇਕ ਵਿੱਥ ਉਤੇ ਬੈਠੀਆਂ ਹੋਈਆਂ ਨਜ਼ਰ ਆਉਂਦੀਆਂ ਹਨ। ਲੇਖਿਕਾ ਨੇ ਇਨ੍ਹਾਂ ਤਿੰਨਾਂ ਪਾਤਰਾਂ ਦੇ ਤੁਲਨਾਤਮਕ ਪਰਿਪੇਖ ਰਾਹੀਂ ਔਰਤ ਦੀ ਹੋਣੀ ਨੂੰ ਨਿਸ਼ਚਿਤ ਕਰਨ ਵਾਲੇ ਪ੍ਰਪੰਚਾਂ ਨੂੰ ਉਜਾਗਰ ਕੀਤਾ ਹੈ। ਵਾਸਤਵਿਕਤਾ ਇਹ ਹੈ ਕਿ ਇਹ ਸਾਰੇ ਪ੍ਰਪੰਚ ਮਰਦ ਪ੍ਰਭੂਤਾ ਦੁਆਰਾ ਔਰਤ ਦੇ ਖਿਲਾਫ਼ ਸਾਜ਼ਸ਼ੀ ਰੂਪ ਵਿਚ ਸਿਰਜੇ ਗਏ ਹਨ। ਇਨ੍ਹਾਂ ਸਮੁੱਚੇ ਪ੍ਰਪੰਚਾਂ ਵਿਚੋਂ ਨਾਰੀ ਦੀ ਪਛਾਣ ਗੈਰਹਾਜ਼ਰ ਹੈ। ਨਾਰੀ ਦੀ ਪੁਸ਼ਤ ਦਰ ਪੁਸ਼ਤ ਚਲਦੀ ਗੁਲਾਮੀ ਉਰਵਸ਼ੀ ਦੇ ਰੂਪ ਵਿਚ ਤੀਸਰੀ ਪੀੜ੍ਹੀ ਤੱਕ ਪਹੁੰਚਦੀ ਹੈ। ਇਸਤੋਂ ਪੂਰਵ ਉਸਦੀ ਦਾਦੀ ਦੀ ਸੋਚ ਅਤੇ ਉਸਦੇ ਪਿਓ ਦੁਆਰਾ ਕਰਵਾਏ ਗਏ ਦੋ ਵਿਆਹ ਅਧੀਨਗੀ ਦੀ ਇਸ ਖੁਫ਼ੀਆ ਪ੍ਰੰਪਰਾ ਨੂੰ ਜਾਰੀ ਰੱਖਦੇ ਹਨ। ਮਾਮਲਾ ਇਹ ਹੈ ਕਿ ਉਰਵਸ਼ੀ ਸਵੈ ਦੀ ਆਤਮ ਪਛਾਣ ਸਬੰਧੀ ਪੂਰੀ ਤਰ੍ਹਾਂ ਸੁਚੇਤ ਹੈ। ਇਸਦੇ ਵਿਪਰੀਤ ਇਸ ਨਾਵਲ ਦੇ ਬਾਕੀ ਸਾਰੇ ਨਾਰੀ ਪਾਤਰ ਜਿਨ੍ਹਾਂ ਵਿਚ ਉਸਦੀ ਮਾਂ ਸੀਤਾ ਦੇਵੀ, ਦਾਦੀ, ਦੋ ਭੈਣਾਂ ਅਤੇ ਉਸਦੀ ਭਰਜਾਈ ਸ਼ਾਮਲ ਹਨ ਚੇਤਨਾ ਦੇ ਸੰਕਟ ਦਾ ਸ਼ਿਕਾਰ ਜਾਪਦੇ ਹਨ। ਅਗਿਆਨਤਾ ਦੇ ਵਰ ਦੀ ਪ੍ਰਾਪਤੀ ਦੇ ਕਾਰਨ ਹੀ ਉਰਵਸ਼ੀ ਤੋਂ ਇਲਾਵਾ ਬਾਕੀ ਸਾਰੇ ਨਾਰੀ ਪਾਤਰ ਦੁਖਾਂਤ ਦੇ ਭਾਗੀ ਨਹੀਂ ਬਣਦੇ। ਦਰਅਸਲ ਉਰਵਸ਼ੀ ਵਿਚਲਾ ਪਰੀ ਬੋਧ ਹੀ ਉਸਦੀ ਹੋਂਦ ਦੇ ਖਾਤਮੇ ਦਾ ਮੁੱਖ ਕਾਰਨ ਬਣਦਾ ਹੈ। ਉਸਨੂੰ ਇਸ ਗੱਲ ਦਾ ਤੀਬਰ ਅਹਿਸਾਸ ਹੈ ਕਿ ਉਸ ਵਰਗੀ ਨਾਰੀ ਦਾ ਸਮੁੱਚਾ ਦੇਹ ਵਿਧਾਨ ਅਤੇ ਉਸਦੀ ਸਿਰਜਣ ਸਮਰੱਥਾ ਉਸਨੂੰ ਇਕ ਵੱਖਰਾ ਆਤਮ ਦਿੰਦੀ ਹੈ ਜਿਸਦੀ ਪਛਾਣ ਹੋਣੀ ਅਤਿਅੰਤ ਜ਼ਰੂਰੀ ਹੈ। ਆਪਣੇ ਪਿਓ ਸਮੇਤ ਉਸਨੂੰ ਸਾਰੇ ਮਰਦ ਅਜਿਹਾ ਪੁਰਖ ਪ੍ਰਧਾਨ ਪੈਰਾਡਾਈਮ ਸਿਰਜਦੇ ਦ੍ਰਿਸ਼ਟੀਗੋਚਰ ਹੁੰਦੇ ਹਨ ਜੋ ਨਾਰੀ ਦੇ ਵਿਲੱਖਣ ਵਜੂਦ ਨੂੰ ਨਜ਼ਰ ਅੰਦਾਜ਼ ਕਰਨ ਵਾਸਤੇ ਬੇਹੱਦ ਤਤਪਰ ਹਨ। ਉਸਨੂੰ ਆਪਣਾ ਸਵੈ

ਅਤੇ ਆਪਣੀ ਦਾਦੀ ਕਿਸੇ ਵੀ ਪੁਰਖ ਨਾਲੋਂ ਬ੍ਰਹਿਮੰਡੀ ਰਿਦਮਾਂ ਨਾਲ ਵਧੇਰੇ ਜੁੜੀ ਹੋਈ ਮਹਿਸੂਸ ਹੁੰਦੀ ਹੈ। ਮਿਸਾਲ ਵਜੋਂ ਹੇਠ ਲਿਖਿਆ ਗਲਪੀ ਵੇਰਵਾ ਪੇਸ਼ ਕੀਤਾ ਜਾ ਸਕਦਾ ਹੈ:-

> ਉਰਵਸ਼ੀ ਜਿਵੇਂ ਸਾਨੂੰ ਭੁਲੇਖਾ ਹੈ ਕਿ ਸਤਿਯੁਗ, ਤ੍ਰੇਤਾ ਦੁਆਪਰ ਤੇ ਕਲਿਯੁਗ ਵੱਖਰੇ ਵੱਖਰੇ ਕਾਲਖੰਡਾਂ ਦੇ ਨਾਮ ਨੇ ਇਉਂ ਨਹੀਂ ਸਗੋਂ ਹਰ ਇਕ ਸਮੇਂ ਵਿਚ ਸਾਰੇ ਕਾਲਖੰਡ ਵਿਦਮਾਨ ਹੁੰਦੇ ਹਨ। ਕੁੜੀਆਂ ਤੇ ਪਰੀਆਂ ਇਕੋ ਧਰਤੀ ਤੇ ਰਹਿੰਦੇ ਹੋਏ ਵੱਖਰੀਆਂ-ਵੱਖਰੀਆਂ ਜੂਨਾਂ ਭੋਗ ਰਹੀਆਂ ਹੁੰਦੀਆਂ ਹਨ। "ਵੱਡੀ ਮਾਂ ਅਜਿਹੀਆਂ ਗੱਲਾਂ ਤਾਂ ਸਾਡੇ ਪ੍ਰੋਫੈਸਰਾਂ ਨੂੰ ਵੀ ਨਹੀਂ ਆਉਂਦੀਆਂ, ਜਿਹੋ ਜਿਹੀਆਂ ਤੂੰ ਦੱਸ ਦਿੰਦੀ ਏਂ" ਉਰਵਸ਼ੀ ਖੁਸ਼ ਹੋ ਕੇ ਬੋਲੀ, "ਅੱਜ ਕੱਲ ਤਾਂ ਕੀ ਪ੍ਰੋਫੈਸਰਾਂ ਨੂੰ ਸਵਾਹ ਆਉਂਦਾ, ਸਭ ਕੁਝ ਤਾਂ ਕਿਤਾਬਾਂ ਵਿਚੋਂ ਹੀ ਸਿੱਖਦੇ ਨੇ।" [੧੩]

ਇਸ ਤਰ੍ਹਾਂ ਉਪਰੋਕਤ ਗਲਪੀ ਵੇਰਵਾ ਪੁਰਸ਼ ਵਿਦਵਤਾਂ ਦੇ ਪਰਖਚੇ ਉਡਾਉਂਦਾ ਹੋਇਆ ਨਾਰੀ ਨੂੰ ਚੇਤਨਾ ਦੇ ਪੱਧਰ ਉੱਤੇ ਇਕ ਪੂਰਨ ਦੇਹ ਵਜੋਂ ਪਰਿਭਾਸ਼ਿਤ ਕਰਦਾ ਹੈ। ਇਥੇ ਹੈਲਨ ਸਿਕਸੋਸ (Hellen Cixous) ਦਾ ਨਾਰੀ ਨੂੰ ਵਧੇਰੇ ਦੇਹ (Body more) ਦਾ ਸੰਕਲਪ ਯਾਦ ਆਉਂਦਾ ਹੈ।[੧੪] ਉਰਵਸ਼ੀ ਵਾਂਗ ਨਾਰੀ ਵਿਚ ਪਰ ਨੂੰ ਪਛਾਨਣ ਦਾ ਜਮਾਂਦਰੂ ਗੁਣ ਹੈ। ਉਹ ਵਿਰੋਧਾਂ, ਵਿਲੱਖਣਤਾਵਾਂ ਅਤੇ ਵਖਰੇਵਿਆਂ ਨੂੰ ਸਹਿਜੇ ਹੀ ਸਮੇਟ ਲੈਂਦੀ ਹੈ। ਉਰਵਸ਼ੀ ਨੂੰ ਜਾਪਦਾ ਹੈ ਕਿ ਪਿਰਤਕੀ ਪ੍ਰਬੰਦ ਵਿਚ ਪ੍ਰਚੱਲਿਤ ਵਿਰੋਧੀ ਜੁੱਟਾਂ ਜਿਵੇਂ ਔਰਤ-ਮਰਦ, ਪ੍ਰਕਿਰਤੀ ਸੰਸਕ੍ਰਿਤੀ, ਪਿਤਾ-ਮਾਤਾ, ਦਿਮਾਗ ਦਿਲ, ਅਕਰਮਕ ਸਕਰਮਕ ਆਦਿ ਵਿਚ ਮਰਦ ਲਈ ਹਾਂ-ਮੁਖੀ ਵਿਰੋਧੀ ਜੁਟਾਂ ਵਿਚੋਂ ਉਪਜਿਆ ਪਾਠ ਹੀ ਸਮਾਜਿਕ ਸੰਰਚਨਾ ਦੀਆਂ ਸਾਰੀਆਂ ਤਰਤੀਬਾਂ ਵਿਚ ਮਰਦ ਸ਼ਕਤੀ ਨੂੰ ਕੇਂਦਰ ਵਿਚ ਰੱਖਦਾ ਹੈ ਅਤੇ ਔਰਤ ਨੂੰ ਟਹਿਰ ਜਾਂ ਇਗਓਟਵਿਣ ਬਣਾ ਦਿੰਦਾ ਹੈ। ਇਸ ਪ੍ਰਸੰਗ ਵਿਚ ਉਰਵਸ਼ੀ ਦੇ ਪਰੀ ਹੋਣ ਦੀ ਇੱਛਾ ਦਾ ਸੰਕੇਤ ਉਸਦਾ ਨਾਰੀ ਦੀ ਦੇਹ ਨੂੰ ਬਹੁ-ਪੱਖੀ ਗੌਰਵ ਦਿਵਾਉਣ ਦਾ ਇਕ ਉਪਰਾਲਾ ਬਣਕੇ ਸਾਹਮਣੇ ਆਉਂਦਾ ਹੈ। ਮਿਸਾਲ ਵਜੋਂ:-

> ਵੱਡੀ ਮਾਂ ਦੇਵਤੇ ਆਮ ਕੁੜੀਆਂ ਨਾਲ ਵੀ ਸ਼ਾਦੀ ਕਰ ਲੈਂਦੇ ਨੇ? ਉਰਵਸ਼ੀ ਨੇ ਪੁੱਛਿਆ ਪਿਛੋਂ ਆਈ ਰੇਖਾ ਖਿਲਖਿਲਾ ਕੇ ਹੱਸ ਪਈ ਤੇ ਅਖਣ ਲੱਗੀ ਵੱਡੀ ਮਾਂ ਉਰਵਸ਼ੀ ਦੀਦੀ ਦਾ ਮਤਲਬ ਹੈ ਕਿ ਕੋਈ ਦੇਵਤਾ ਉਸ ਵਰਗੀ ਆਮ ਕੁੜੀ ਨਾਲ ਵੀ ਸ਼ਾਦੀ ਕਰ ਲੈਂਦਾ ਹੈ? ਉਰਵਸ਼ੀ ਕੋਈ ਆਮ ਕੁੜੀ ਨਹੀਂ ਦਾਦੀ ਨੇ ਆਖਿਆ ਸੀ ਤੇ ਉਹ ਦਾਦੀ ਮਰ ਗਈ ਸੀ।[੧੫]

ਸਪੱਸ਼ਟ ਹੈ ਕਿ ਉਰਵਸ਼ੀ ਵਿਚ ਬੱਚਾ ਜਨਣ ਦੀ ਸਮਰੱਥਾ ਉਸਨੂੰ ਨਾਰੀਤਵ ਦੀ ਸਿਰਜਣਾਤਮਕ ਵਿਸ਼ੇਸ਼ਤਾ ਦਾ ਅਹਿਸਾਸ ਕਰਵਾਉਂਦੀ ਹੈ ਇਸ ਦੀ ਵਜ੍ਹਾ ਨਾਲ ਹੀ ਉਹ ਆਪਣੇ ਆਪ ਨੂੰ ਦੇਵਤਿਆਂ ਦੇ ਸਮਾਨ ਪਰੀ ਹੋਣ ਦੀ ਪਰਿਕਲਪਨਾ ਵੀ ਕਰਦੀ ਹੈ। ਉਸ ਵਾਸਤੇ ਇਹ ਅਹਿਸਾਸ ਇਨ੍ਹਾ ਵਿਸ਼ਾਲ ਹੈ ਕਿ ਉਸਦੀ ਦੇਹ ਵਿਚੋਂ ਗੁਜਰੇ ਫਲੈਸ਼, ਖੁਸ਼ੀ, ਗਮੀ ਅਤੇ ਜੀਵਨ ਮੌਤ ਦੀ ਅੰਤਰ ਸਪੇਸਤਾ ਨੂੰ ਉਲੰਘ ਜਾਂਦੇ ਹਨ ਅਤੇ ਉਸਦੀ ਦੇਹ ਵਿਚ ਬ੍ਰਹਿਮੰਡੀ ਸ਼ਕਤੀਆਂ, ਸੰਗੀਤ, ਸਭਿਆਚਾਰ ਅਤੇ ਇਤਿਹਾਸ ਚੁਣ ਚੁਨਾਉਣ ਲਗਦੇ ਹਨ। ਉਰਵਸ਼ੀ ਦੀ ਭੈਣ ਮੋਹਨੀ ਦਾ ਘਰੇਲੂ ਵਿਰੋਧ ਦੇ ਬਾਵਜ਼ੂਦ ਨਿਰਮਲ ਨਾਲ ਪ੍ਰੇਮ ਪ੍ਰਕਰਣ ਦੀ ਉਰਵਸ਼ੀ ਵਾਸਤੇ ਪ੍ਰੇਰਣਾ ਸ੍ਰੋਤ ਬਣਨ ਦੀ ਬਜਾਇ ਲੋਕਾਂ ਦੀ ਤੋਏ ਤੋਏ ਦਾ ਕਾਰਨ ਬਣਦਾ ਹੈ। ਇਸ ਵਾਸਤੇ ਆਪਣੀ ਹੋਣੀ ਨੂੰ ਬਦਲਣਾ ਉਸ ਲਈ

ਨਾ-ਮੁਮਕਿਨ ਹੋ ਜਾਂਦਾ ਹੈ। ਮੋਹਣੀ ਦੀ ਕਰਨੀ ਦੀਆਂ ਗੱਲਾਂ ਜਦੋਂ ਉਰਵਸ਼ੀ ਨੂੰ ਸੁਣਨੀਆਂ ਪੈਂਦੀਆ ਹਨ ਤਾਂ ਉਸ ਦੇ ਦਿਲੋ ਦਿਮਾਗ਼ ਵਿਚ ਦਾਦੀ ਦਾ ਪ੍ਰਭਾਵ ਹੋਰ ਵੀ ਪੱਕਾ ਹੋ ਜਾਂਦਾ ਹੈ। ਨਾਵਲਕਾਰ ਨੇ ਉਰਵਸ਼ੀ ਨੂੰ ਮੁੱਖ ਪਾਤਰ ਵਜੋਂ ਇਸ ਕਰਕੇ ਹੀ ਸਿਰਜਿਆ ਹੈ ਕਿਉਂਕਿ ਉਹ ਚਾਰੋਂ ਤਰਫੋਂ ਦਬਾਉ ਦਾ ਸ਼ਿਕਾਰ ਹੈ। ਇਸ ਦਬਾਉ ਦੀ ਦਿਸ਼ਾ ਉਰਵਸ਼ੀ ਪ੍ਰਤੀ ਇਕਰਾਰ ਹੋਣ ਕਾਰਨ ਇਸ ਦਾ ਸਿੱਟਾ ਘਾਤਕ ਹੋ ਨਿਬੜਦਾ ਹੈ। ਉਸਦੀ ਮਾਨਵੀ ਸਮਾਜ ਨਾਲ ਵਾਬਸਤਰੀ ਕੇਵਲ ਇਕ ਵਰਤੀ ਜਾਣ ਵਾਲੀ ਚੀਜ਼ ਵਜੋਂ ਹੋ ਕੇ ਰਹਿ ਜਾਂਦੀ ਹੈ। ਇਥੇ ਮੁੱਖ ਪਾਤਰ ਦਾ ਨਾਮਕਰਣ ਉਰਵਸ਼ੀ ਵੱਜੋਂ ਕਰਨਾ ਹੀ ਨਾਵਲਕਾਰ ਵਲੋਂ ਕੀਤਾ ਅਹਿਮ ਸੰਕੇਤ ਹੈ। ਮਿਥਿਹਾਸਕ ਪ੍ਰਕਰਣਾਂ ਵਿਚ ਉਰਵਸ਼ੀ ਅਜਿਹੀ ਅਪਸਰਾ ਹੈ ਜਿਸਦਾ ਪ੍ਰਯੋਜਨ ਦੇਵਤਿਆਂ ਦੇ ਮਨ ਨੂੰ ਲੁਭਾਉਣਾ ਹੈ। ਦੂਸਰੇ ਸ਼ਬਦਾਂ ਵਿਚ ਉਹ ਉਨ੍ਹਾਂ ਵਾਸਤੇ ਮਨੋਰੰਜਨ ਦੀ ਵਸਤੂ ਹੈ। ਇਸ ਵਸਤੂ ਤੋਂ ਅੱਗੇ ਵਿਅਕਤੀਤਵ ਬਣਨ ਦਾ ਕੋਈ ਬਿਰਤਾਂਤ ਇਤਿਹਾਸ ਵਿਚ ਨਹੀਂ। ਦੂਸਰੇ ਸ਼ਬਦਾਂ ਵਿਚ ਮਿਥਿਹਾਸਕ ਸੰਦਰਭ ਵਿਚ ਵੀ ਉਰਵਸ਼ੀ ਨੂੰ ਦੇਵਤਿਆਂ ਦੇ ਸਮਾਨ ਦਰਜਾ ਕਦੀ ਪ੍ਰਾਪਤ ਨਹੀਂ ਹੋਇਆ। ਨਾਰੀਵਾਦੀ ਚਿੰਤਨ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਨਾਰੀ ਨੂੰ ਕਦੀ ਵੀ ਆਪਣੇ ਲਿੰਗ ਅਨੁਸਾਰ ਕੋਈ ਅਨੁਕੂਲ ਨਾਮ ਨਹੀਂ ਦਿੱਤਾ ਗਿਆ। ਇਸ ਨਾਵਲ ਵਿਚ ਉਰਵਸ਼ੀ ਦਾ ਮੁੱਖ ਪਾਤਰ ਵੀ ਇਤਿਹਾਸਕ ਲੋੜ ਲਈ ਸਿਰਜਿਆ ਅਜਿਹਾ ਰੂਪਕ ਹੈ ਜਿਸ ਦਾ ਕੋਈ ਮਾਨਵੀ ਹਵਾਲਾ ਨਹੀਂ। ਇਸ ਗਲਪੀ ਰਚਨਾ ਵਿਚ ਉਰਵਸ਼ੀ ਦੀ ਸੋਚ ਦਾ ਸਭ ਤੋਂ ਭਿਅੰਕਰ ਹਿੱਸਾ ਇਹ ਹੈ ਕਿ ਜਦੋਂ ਉਹ ਆਪਣੀ ਹੋਂਦ ਨੂੰ ਮੂਲਵਾਦੀ ਅਰਥਾਂ ਵਿਚ ਸਮਝਣ ਦੀ ਕੋਸ਼ਿਸ਼ ਕਰਦੀ ਹੈ। ਇਸ ਕੋਸ਼ਿਸ਼ ਦੇ ਰਾਹੀਂ ਹੀ ਉਹ ਲਗਾਤਾਰ ਪਿਤਰਕੀ ਦੇ ਜਾਲ ਵਿਚ ਉਲਝਦੀ ਜਾਂਦੀ ਹੈ ਅਤੇ ਅੰਤ ਵਿਚ ਆਤਮ-ਹੱਤਿਆ ਦੇ ਦੁਖਾਂਤ ਦੀ ਭਾਗੀ ਬਣਦੀ ਹੈ। ਪਰਿਵਾਰ ਦੇ ਮੈਂਬਰਾਂ ਦੁਆਰਾ ਉਸਦੇ ਮਨ ਵਿਚ ਇਹ ਭਰਮ ਪਾਲਿਆ ਹੈ ਕਿ ਉਹ ਪਰੀ ਹੈ। ਹੈਰਾਨੀਜਨਕ ਢੰਗ ਨਾਲ ਇਸ ਪ੍ਰਸੰਗ ਵਿਚ ਉਰਵਸ਼ੀ ਦੀ ਸੰਵੇਦਨਸ਼ੀਲਤਾ ਹੀ ਉਸਦੀ ਚੇਤਨਾ ਸੰਕਟ ਬਣ ਜਾਂਦੀ ਹੈ। ਉਹ ਸਮਾਜ ਦੁਆਰਾ ਪ੍ਰਦਾਨ ਕੀਤੀ ਪਰੀ ਹੋਣ ਦੀ ਧਾਰਨਾ ਦਾ ਪੁਨਰ ਵਿਸ਼ਲੇਸ਼ਣ ਨਹੀਂ ਕਰਦੀ ਸਗੋਂ ਸਹਿਜੇ ਹੀ ਇਕ ਛੜਯੰਤਰ ਦਾ ਨਿਸ਼ਾਨਾ ਬਣ ਜਾਂਦੀ ਹੈ। ਘਰ ਦੇ ਵਾਸਤੇ ਕੁਰਬਾਨੀ ਦੇਣ ਦਾ ਅਹਿਸਾਸ ਵੀ ਇਸ ਛੜਯੰਤਰ ਦਾ ਹੀ ਇਕ ਹਿੱਸਾ ਹੈ। ਦਰਅਸਲ ਉਸਨੂੰ ਪਰੀ ਹੋਣ ਦੀ ਭਾਸ਼ਾ ਉਸਦੇ ਮਾਨਸਿਕ ਅਵਚੇਤਨ ਨੇ ਹੀ ਦਿੱਤੀ ਹੈ। ਇਥੋਂ ਇਹ ਵੀ ਸਾਬਤ ਹੁੰਦਾ ਹੈ ਕਿ ਨਾਵਲਕਾਰ ਅਨੁਸਾਰ ਨਾਰੀ ਮਨ ਦਾ ਅਵਚੇਤਨ ਉਸਦੀ ਅਧੀਨਗੀ ਵਾਸਤੇ ਸਭ ਤੋਂ ਜ਼ਿਆਦਾ ਜ਼ਿੰਮੇਵਾਰ ਹੈ। ਉਰਵਸ਼ੀ ਦਾ ਅਵਚੇਤਨ ਮੈਟਰਨਾਲਿੰਗੁਆ (ਨਾਰੀ ਭਾਸ਼ਾ) ਦੀ ਬਜਾਇ ਪੈਟਰੀਅਨ ਸੈਰਮੋ (ਪਿਤਰ ਭਾਸ਼ਾ) ਦਾ ਅਨੁਸਰਣ ਕਰਦਾ ਹੈ।[੧੯] ਉਸਦਾ ਪਿਤਰ ਭਾਸ਼ਾ ਮਨ ਦੀ ਚੁਣੌਤੀ ਸਵੀਕਾਰ ਕਰਨ ਦੇ ਸਮਰੱਥ ਹੈ ਜਾਂ ਇਸ ਤੋਂ ਅਣਜਾਣ ਇਹ ਇਕ ਖੁੱਲ੍ਹਾ ਸਵਾਲ ਹੈ ਪਰ ਇਹ ਨਿਸ਼ਚਿਤ ਜ਼ਰੂਰ ਹੈ ਕਿ ਉਸਦਾ ਅਵਚੇਤਨ ਪਰੰਪਰਕ ਦਾਇਰਾ ਤੋੜ ਕੇ ਨਵੀਆਂ ਭਾਸ਼ਾਈ ਵਿਉਂਤਾਂ ਸਿਰਜਦਾ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਇਸ ਨਜ਼ਰੀਏ ਤੋਂ ਉਸ ਦਾ ਸਮਰਪਣ ਉਸ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ। ਸਥਿਤੀ ਦੀ ਵਿਡੰਬਣਾ ਵੀ ਇਹ ਹੈ ਕਿ ਇਹ ਸਮਰਪਣ ਉਸ ਉੱਤੇ ਨੈਤਿਕਤਾ ਦਾ ਹਵਾਲਾ ਦੇ ਕੇ ਆਰੋਪਿਤ ਕੀਤਾ ਗਿਆ ਹੈ। ਇਸ ਵਾਸਤੇ ਜਦੋਂ ਉਰਵਸ਼ੀ ਦਾ ਮੁੱਖ ਪਾਤਰ ਆਪਣੀ ਸਮਰੱਥਾ ਤੋਂ ਵਧੇਰੇ ਸਮਰਪਿਤ ਹੋਣ ਦੀ ਕੋਸ਼ਿਸ਼ ਕਰਦਾ ਹੈ ਤਾਂ ਬੁਰੀ ਤਰ੍ਹਾਂ ਅਸਫਲ ਹੋ ਜਾਂਦਾ ਹੈ। ਨਾਵਲ ਦੇ ਅੰਤ ਵਿਚ ਉਰਵਸ਼ੀ ਦੀ ਭਰਜਾਈ ਵੱਲੋਂ ਉਸਦਾ ਰਿਸ਼ਤਾ ਇਕ ਵਡੇਰੀ

ਉਮਰ ਦੇ ਮੁੰਡੇ ਨਾਲ ਕਰਨ ਦਾ ਪ੍ਰਸਤਾਵ ਰੱਖਿਆ ਜਾਂਦਾ ਹੈ। ਉਰਵਸ਼ੀ ਦੀ ਅਸਹਿਮਤੀ ਦਾ ਬਾਵਜੂਦ ਵੀ ਉਸ ਉੱਤੇ ਉਸ ਲੜਕੇ ਨਾਲ ਵਿਆਹ ਕਰਨ ਦਾ ਦਬਾਅ ਪਾਇਆ ਜਾਂਦਾ ਹੈ ਪਰੰਤੂ ਉਰਵਸ਼ੀ ਦੀ ਹਾਲਤ ਸਮਝਣ ਤੋਂ ਬਾਅਦ ਉਹ ਲੜਕਾ ਉਸ ਦੀ ਭਲਾਈ ਵਾਸਤੇ ਵਿਆਹ ਤੋਂ ਇਨਕਾਰ ਕਰ ਦਿੰਦਾ ਹੈ। ਇਸ ਵਰਤਾਰੇ ਵਿਚੋ ਨਾਰੀ ਚੇਤਨਾ ਦਾ ਇਕ ਨਵਾਂ ਸੂਤਰ ਉਘੜ ਕੇ ਸਾਹਮਣੇ ਆਉਂਦਾ ਹੈ ਪਰੰਤੂ ਦੁਖਾਂਤ ਇਹ ਹੈ ਕਿ ਇਹ ਸੂਤਰ ਵੀ ਨਾਰੀ ਦੇ ਗੌਣ ਅਸਤਿਤਵ ਨੂੰ ਹੀ ਪੇਸ਼ ਕਰਦਾ ਹੈ। ਇਸ ਸੂਤਰ ਮੁਤਾਬਿਕ ਨਾਰੀ ਪੁਰਸ਼ ਦੇ ਪਰੰਪਰਕ ਵਿਰੋਧੀ ਸਮੀਕਰਣ ਰੱਦ ਹੋ ਜਾਂਦੇ ਹਨ ਅਤੇ ਮਰਦ ਦੀ ਔਰਤ ਪ੍ਰਤੀ ਹਮਦਰਦੀ ਵਾਲੀ ਨਵੀਨ ਭਾਵਨਾ ਦਾ ਅਵੀਸ਼ਕਾਰ ਹੁੰਦਾ ਹੈ। ਵਾਸਤਵ ਵਿਚ ਤਲਖ਼ ਹਕੀਕਤ ਇਹ ਹੈ ਕਿ ਇਸ ਹਮਦਰਦੀ ਵਾਲੀ ਭਾਵਨਾ ਦੀ ਪਿੱਠ ਭੂਮੀ ਵਿਚ ਵੀ ਪੁਰਸ਼ ਵੱਲੋਂ ਖੁਦ ਨੂੰ ਸਰਵ-ਉੱਚ ਸਿੱਧ ਕਰਨ ਦਾ ਯਤਨ ਹੀ ਕਾਰਜਸ਼ੀਲ ਹੈ।

## ਹਵਾਲੇ ਅਤੇ ਟਿੱਪਣੀਆਂ:


1. Maggihumm, **The Dictionary of Feminist Theory**, Ohio State University Press, Columbus, 1995, p.251.
2. U Narayanan, **Dislocating Cultures: Identity, Traditions and third-world Feminism**, Routledge, New York, 1957, p. 44
3. Simone de Beauvior, **The Second Sex**, Hind Pocket Books, New Delhi, 2002, p.78.
4. Parol Gilligan, **In a difference Voice**, Howard University Press, Cambridge, 1982, p.11.
5. Tania Modleski: **Feminism Without Women: Culture and Criticism in a Post-feminist age**, Routledge, New York, 1915, p.3.
6. Toril Moi (Ed.), **The Kristena Reader**, Basil Blackwell, New York, 1987, p.20.
7. August Vebel, **Women Under Socialism**, University Press of the Pacific, 2004, p.30.
8. As quoted by Simone de Beauvoir, p.103.
9. Chilla Bulbeck, **Re-orienting Western Feminism: Women's Diversity in a Post-Colonial world**, Cambridge University Press, Cambridge, 1997, p.98.
10. ਦਲੀਪ ਕੌਰ ਟਿਵਾਣਾ, **ਉਹ ਤਾਂ ਪਰੀ ਸੀ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003, ਪੰਨਾ 16.
11. Simone de Beauvoir, **The Second Sex**, p.178
12. **ਉਹੀ**, ਪੰਨਾ 11
13. **ਉਹੀ**, ਪੰਨਾ 12
14. Wendy Mc Elory, **Liberty for Women: Freedom and feminism in the 21st Cent.**, U.B.C. Press, 2006, p.63.
15. **ਉਹੀ**, ਪੰਨਾ 14
16. **Ibid**, p.65

**Related Websites:**

1. www.thefword.org.uk
2. www.conservapedia.com
3. thinkprogress.org
4. www.ctpost.com
5. www.brispanetimes.com